ਦਫਤਰ : ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਭ ਤੇ ਮ ਸ਼ਾਖਾ,
ਸ੍ਰੀ ਅਨੰਦਪੁਰ ਸਾਹਿਬ।

Email ID:- pwd.provl.aps@gmail.com

ਵੱਲ

ਪ੍ਰਿੰਸੀਪਲ,
ਮਾਇਟੀ ਖਾਲਸਾ ਇੰਨਟਰਨੈਸ਼ਨਲ ਸਕੂਲ,
ਸ੍ਰੀ ਅਨੰਦਪੁਰ ਸਾਹਿਬ, ਜਿਲ੍ਹਾ ਰੂਪਨਗਰ।

ਨੰਬਰ 289 ਮਿਤੀ 18/06/2024

**ਵਿਸ਼ਾ:** **ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।** ***(ਸਾਲ 2024-25)***

**ਹਵਾਲਾ:** **ਆਪ ਦਾ ਪੱਤਰ ਨੰਬਰ *MKIS/2024/06-02* ਮਿਤੀ *12.06.2024.***

ਉਪਰੋਕਤ ਵਿਸ਼ੇ ਦੇ ਸਬੰਧੀ ਨਿਮਨਹਸਤਾਖਰ ਵੱਲੋਂ ਸਬੰਧਤ ਜੂਨੀਅਰ ਇੰਜੀਨੀਅਰ ਨਾਲ ਮੌਕੇ ਤੇ ਜਾ ਕੇ ਇਮਾਰਤ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਸਬੰਧਤ ਬਿਲਡਿੰਗ ਦੇਖਣ ਵਿੱਚ ਸਕੂਲ ਦੇ ਮੁੱਖੀ/ਪ੍ਰਿੰਸੀਪਲ ਵੱਲੋਂ ਦਿੱਤੀ ਦਰਖਾਸਤ ਨਾਲ ਨੱਥੀ ਪ੍ਰਫਾਰਮੇ ਅਨੁਸਾਰ ਠੀਕ ਪਾਈ ਗਈ ਹੈ। ਇਸ ਲਈ ਆਪ ਨੂੰ ਹੇਠ ਲਿਖੇ ਅਨੁਸਾਰ ਸ਼ਰਤਾਂ ਦੇ ਅਧਾਰ ਤੇ ਸਕੂਲ ਦੀ ਬਿਲਡਿੰਗ ਦਾ ਸਾਲ 2024-25 (**ਮਿਤੀ 31/03/2025 ਤੱਕ**) ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ;

1. ਇਸ ਸਕੂਲ ਬਿਲਡਿੰਗ ਦੀ ਹਰ ਸਾਲ ਮੁਰੰਮਤ ਕਰਵਾਈ ਜਾਵੇ।
2. ਇਸ ਸਕੂਲ ਬਿਲਡਿੰਗ ਦੀਆਂ ਛੱਟਾਂ ਉਪਰ ਅਤੇ ਆਲੇ-ਦੁਆਲੇ ਪਾਣੀ ਨਾ ਖੜਾ ਹੋਣ ਦਿੱਤਾ ਜਾਵੇ।
3. ਜੇਕਰ ਬਿਲਡਿੰਗ ਵਿੱਚ ਕਿਸੇ ਜਗ੍ਹਾ ਤੇ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕਰਵਾ ਦਿੱਤਾ ਜਾਵੇ ਅਤੇ ਜਲਦੀ ਲੋੜੀਂਦੀ ਰਿਪੇਅਰ ਕਰਵਾਈ ਜਾਵੇ।
4. ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ। ਅੱਗ ਬੁਝਾਊ ਯੰਤਰ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ।
5. ਜੇਕਰ ਕਿਸੇ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਆਪ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ।
6. ਜੇਕਰ ਸਕੂਲ ਦੀ ਬਿਲਡਿੰਗ ਵਿੱਚ ਵਾਧਾ ਕਰਨਾ ਹੋਵੇ ਤਾਂ ਇਸਨੂੰ ਪਹਿਲਾਂ ਆਰਕੀਟੈਕਟ ਤੋਂ ਪਾਸ ਕਰਵਾਇਆ ਜਾਵੇ।
7. ਆਪ ਵੱਲੋਂ ਜਾਰੀ ਕਰਵਾਏ ਗਏ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ 15-01-2025 ਤੱਕ ਹੈ। ਇਸ ਫਾਇਰ ਸੇਫਟੀ ਸਰਟੀਫਿਕੇਟ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਇਸ ਨੂੰ ਰੀਨਿਊ ਕਰਵਾਇਆ ਜਾਵੇ। ਰੀਨਿਊ ਨਾ ਕਰਵਾਉਣ ਦੀ ਹਾਲਤ ਵਿੱਚ ਇਸ ਬਿਲਡਿੰਗ ਸੇਫਟੀ ਸਰਟੀਫਿਕੇਟ ਨੂੰ ਮਿਤੀ 15-01-2025 ਤੋਂ ਬਾਅਦ ਰੱਦ ਸਮਝਿਆ ਜਾਵੇਗਾ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸ਼ਾਖਾ
ਸ੍ਰੀ ਅਨੰਦਪੁਰ ਸਾਹਿਬ ।

**ਪਿੱਠ ਅੰਕਣ ਨੰ.** **ਮਿਤੀ.**

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭਤੇਮ ਸ਼ਾਖਾ, ਰੂਪਨਗਰ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸ਼ਾਖਾ
ਸ੍ਰੀ ਅਨੰਦਪੁਰ ਸਾਹਿਬ ।